ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

## ਅਧਿਸੂਚਨਾ

ਮੀਮੋ ਨੰ. 2/93/2009-3ਸਿ3/ 2020890/1 ਮਿਤੀ, ਚੰਡੀਗੜ੍ਹ: 19.8.2020

ਸੀ.ਬੀ.ਐਸ.ਈ./ਆਈ.ਸੀ.ਐਸ.ਈ. ਬੋਰਡ ਨਾਲ ਐਫੀਲੀਏਸ਼ਨ ਲੈਣ ਵਾਸਤੇ ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਸੁਖਾਲਾ ਕਰਨ ਲਈ ਅਤੇ ਵਿਭਾਗ ਦੀ ਕਾਰਜ-ਕੁਸ਼ਲਤਾ ਨੂੰ ਬੇਹਤਰ ਕਰਨ ਲਈ ਸਰਕਾਰ ਵੱਲੋਂ ਇਸ ਸਬੰਧੀ ਸਾਰੇ ਪ੍ਰੋਸੈਸ ਨੂੰ ਆਨ-ਲਾਈਨ ਕਰਨ ਦਾ ਫੈਸਲਾ ਲਿਆ ਹੈ। ਆਨ-ਲਾਈਨ ਸਿਸਟਮ ਰਾਹੀਂ ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਪ੍ਰਕਿਰਿਆ ਦਾ ਵੇਰਵਾ ਹੇਠ ਅਨੁਸਾਰ ਹੈ:-

1. ਸਕੂਲ ਇਤਰਾਜਹੀਣਤਾ ਸਰਟੀਫਿਕੇਟ ਲਈ www.epunjabschool.gov.in ਪੋਰਟਲ ਤੇ Applications → Apply for CBSE/ICSE NOC ਲਿੰਕ ਤੇ ਆਨ-ਲਾਈਨ ਅਪਲਾਈ ਕਰੇਗਾ।
2. ਸਰਕਾਰ ਦੀ ਪਾਲਿਸੀ/ਹਦਾਇਤਾਂ ਅਨੁਸਾਰ ਇਤਰਾਜਹੀਣਤਾ ਸਰਟੀਫਿਕੇਟ ਲਈ ਲੋੜੀਂਦੇ ਦਸਤਾਵੇਜ ਸਕੂਲ ਵੱਲੋਂ ਆਨ-ਲਾਈਨ ਅਪਲੋਡ ਕੀਤੇ ਜਾਣ। ਸਕੂਲ ਪ੍ਰੋਸੈਸਿੰਗ ਫੀਸ ਅਤੇ ਰਿਜ਼ਰਵ ਫੰਡ ਵੀ ਆਨ-ਲਾਈਨ ਸਿਸਟਮ ਰਾਹੀਂ ਅਦਾ ਕਰਨਾ ਯਕੀਨੀ ਬਣਾਉਣਗੇ।
3. ਸਕੂਲ ਵੱਲੋਂ ਅਪਲਾਈ ਕਰਨ ਉਪਰੰਤ ਉਹਨਾਂ ਦਾ ਕੇਸ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਕੋਲ ਆਨ-ਲਾਈਨ ਪ੍ਰਾਪਤ ਹੋਵੇਗਾ। ਜਿਲ੍ਹਾ ਸਿੱਖਿਆ ਅਫਸਰ ਸਕੂਲ ਦਾ ਨਿਰੀਖਣ ਕਰਨ ਲਈ ਇਸ ਸਬੰਧੀ ਗਠਿਤ ਕਮੇਟੀ ਨੂੰ ਸਕੂਲ ਦਾ ਕੇਸ ਆਨ-ਲਾਈਨ ਭੇਜੇਗਾ ਅਤੇ ਕਮੇਟੀ ਆਪਣੀ ਰਿਪੋਰਟ ਆਨ-ਲਾਈਨ ਹੀ ਵਾਪਿਸ ਜਿਲ੍ਹਾ ਸਿੱਖਿਆ ਅਫਸਰ ਨੂੰ ਭੇਜੇਗੀ।
4. ਇਸ ਉਪਰੰਤ ਕਮੇਟੀ ਦੀ ਰਿਪੋਰਟ ਸਮੇਤ ਜਿਲ੍ਹਾ ਸਿੱਖਿਆ ਅਫਸਰ ਕੇਸ ਮੁੱਖ ਦਫਤਰ (ਡੀ.ਪੀ.ਆਈ.) ਨੂੰ ਅਗਲੇਰੀ ਕਾਰਵਾਈ ਲਈ ਭੇਜੇਗਾ। ਡਾਇਰੈਕਟੋਰੇਟ ਦਫਤਰ ਵੱਲੋਂ ਐਪਲੀਕੇਸ਼ਨ ਘੋਖੀ ਜਾਵੇਗੀ ਅਤੇ ਜਕੇਰ ਕੋਈ ਇਤਰਾਜ ਪਾਇਆ ਜਾਂਦਾ ਹੈ ਤਾਂ ਇਤਰਾਜ ਦੂਰ ਕਰਨ ਲਈ ਸਕੂਲ ਨੂੰ ਕੇਸ ਵਾਪਿਸ ਭੇਜਿਆ ਜਾਵੇਗਾ ਅਤੇ ਸਕੂਲ ਤਰੁੱਟੀਆਂ ਦੂਰ ਕਰਕੇ ਮੁੜ ਤੋਂ ਡਾਇਰੈਕਟੋਰੇਟ ਦਫਤਰ ਵਿਖੇ ਕੇਸ ਭੇਜੇਗਾ।
5. ਜੇਕਰ ਸਕੂਲ ਦਾ ਕੇਸ ਡਾਇਰੈਕਟੋਰੇਟ ਦਫਤਰ ਵਿਖੇ ਮੁਕੰਮਲ ਪਾਇਆ ਜਾਂਦਾ ਹੈ ਤਾਂ ਸਕੂਲ ਨੂੰ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਲਈ ਕੇਸ ਸਰਕਾਰ (ਸਿੱਖਿਆ-3 ਸ਼ਾਖਾ) ਨੂੰ ਭੇਜਿਆ ਜਾਵੇਗਾ। ਸਰਕਾਰ ਪੱਧਰ ਤੇ ਸਕੂਲ ਦੀ ਐਨ.ਓ.ਸੀ. ਅਪਲੋਡ ਕੀਤੀ ਜਾਵੇਗੀ ਅਤੇ ਉਸ ਉਪਰੰਤ ਸਕੂਲ www.epunjabschool.gov.in ਤੋਂ ਐਨ.ਓ.ਸੀ. ਦੀ ਕਾਪੀ ਡਾਊਨਲੋਡ ਕਰ ਸਕਦੇ ਹਨ।

ਸਕੱਤਰ ਸਕੂਲ ਸਿੱਖਿਆ

ਪਿ.ਅੰ.ਨੰ. 2/93/2009-3ਸਿ3/ 2020890/3-2 ਮਿਤੀ, ਚੰਡੀਗੜ੍ਹ: 19.8.2020

ਉਪਰੋਕਤ ਦਾ ਇਕ ਉਤਾਰਾ ਹੇਠ ਲਿੱਖਿਆ ਨੂੰ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਮੋਹਾਲੀ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ।

ਸੁਪਰਡੰਟ

Scanned with CamScanner